Alberta

News release

# ਇਮਯੂਨੋਕੋਮਪ੍ਰੋਮਾਈਜ਼ਡ(ਕਮਜੋਰ ਪ੍ਰਤੀਰੋਧਕ ਸ਼ਕਤੀ) ਅਲਬਰਟਾਵਾਸੀ ਚੌਥੀ ਖੁਰਾਕ ਲਈ ਯੋਗ

**ਜਨਵਰੀ 18, 2021**

80,000 ਤੋਂ ਵੱਧ ਅਲਬਰਟਾਵਾਸੀ ਛੇਤੀ ਹੀ ਆਪਣੀ ਪ੍ਰਤੀਰੋਧਕ ਸ਼ਕਤੀ(ਇਮਿਊਨਿਟੀ) ਨੂੰ ਮਜ਼ਬੂਤ ਕਰਨ ਲਈ ਕੋਵਿਡ-19 ਵੈਕਸੀਨ ਦੀ ਚੌਥੀ ਖੁਰਾਕ ਲੈਣ ਦੇ ਯੋਗ ਹੋਣਗੇ।

ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇਮਿਊਨਾਈਜ਼ੇਸ਼ਨ (ਐਨਏਸੀਆਈ) ਅਤੇ ਅਲਬਰਟਾ ਐਡਵਾਈਜ਼ਰੀ ਕਮੇਟੀ ਆਨ ਇਮਯੂਨਾਈਜ਼ੇਸ਼ਨ (ਏਏਸੀਆਈ) ਦੇ ਸੁਝਾਵਾਂ ਅਨੁਸਾਰ 18 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਵਿਅਕਤੀ ਜਿਨ੍ਹਾਂ ਦੀ ਖਾਸ ਇਮਿਊਨੋਕੰਪਰੋਮਾਈਜ਼ਿੰਗ(ਸਿਹਤ) ਹਾਲਤ ਹੈ ਉਹ ਆਪਣੀ ਤੀਜੀ ਖੁਰਾਕ ਲੈਣ ਤੋਂ ਪੰਜ ਮਹੀਨਿਆਂ ਬਾਅਦ ਇੱਕ ਚੌਥੀ ਬੂਸਟਰ ਖੁਰਾਕ ਲੈ ਸਕਦੇ ਹਨ।

20 ਜਨਵਰੀ ਤੋਂ ਯੋਗ ਵਿਅਕਤੀ ਅਲਬਰਟਾ ਵੈਕਸੀਨ ਬੁਕਿੰਗ ਸਿਸਟਮ(booking system) ਦੀ ਵਰਤੋਂ ਕਰਕੇ ਜਾਂ 811 ਤੇ ਕਾਲ ਕਰਕੇ AHS ਅਤੇ ਭਾਗੀਦਾਰ ਫਾਰਮੇਸੀਆਂ ਨਾਲ ਚੌਥੀ ਖੁਰਾਕ ਲਈ ਔਨਲਾਈਨ ਬੁੱਕਿੰਗ ਕਰ ਸਕਦੇ ਹਨ।

## ਯੋਗਤਾ ਮਾਪਦੰਡ

ਤੀਸਰੀ ਖੁਰਾਕ ਤੋਂ ਘੱਟੋ-ਘੱਟ ਪੰਜ ਮਹੀਨਿਆਂ ਬਾਅਦ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਾਲਗਾਂ ਨੂੰ ਚੌਥੀ ਖੁਰਾਕ ਲੈਣ ਯੋਗ ਬਣਾਉਣ ਲਈ ਇਹ ਇਮਯੂਨੋ-ਕੰਪਰੋਮਾਈਜ਼ਿੰਗ ਸਥਿਤੀਆਂ ਵਿੱਚ ਸ਼ਾਮਲ ਹਨ:

- ਟ੍ਰਾਂਸਪਲਾਂਟ(ਅੰਗ) ਪ੍ਰਾਪਤਕਰਤਾ ਜਿਸ ਵਿੱਚ ਠੋਸ ਅੰਗ ਟ੍ਰਾਂਸਪਲਾਂਟ ਅਤੇ ਹੈਮੈਟੋਪੋਇਟਿਕ ਸਟੈਮ ਸੈੱਲ ਟ੍ਰਾਂਸਪਲਾਂਟ ਸ਼ਾਮਲ ਹਨ।
- ਇਲਾਜ ਅਧੀਨ (ਕੀਮੋਥੈਰੇਪੀ, ਖਾਸ ਥੈਰੇਪੀਆਂ, ਇਮਯੂਨੋਥੈਰੇਪੀ ਜਾਂ ਇਲਾਜ ਦੌਰਾਨ ਪਿਛਲੀਆਂ ਕੋਵਿਡ-19 ਵੈਕਸੀਨ) ਪ੍ਰਾਪਤ ਕਰਨ ਜਾਂ ਪ੍ਰਾਪਤ ਕਰਨ ਤੋਂ ਪਹਿਲਾਂ ਘਾਤਕ ਹੈਮੈਟੋਲੋਜਿਕ ਦੋਸ਼ ਅਤੇ ਗੈਰ-ਹੀਮੈਟੋਲੋਜਿਕ ਰਸੌਲੀ ਵਾਲੇ ਵਿਅਕਤੀ। ਪੂਰੀ ਤਰ੍ਹਾਂ ਨਾਲ ਰੈਮੋਨ ਥੈਰੇਪੀ ਜਾਂ ਸਰਜਰੀ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਨੂੰ ਛੱਡ ਕੇ।
- ਜਿੰਨਾਂ ਵਿਅਕਤੀਆਂ ਦਾ ਇਲਾਜ ਐਂਟੀ-CD20 ਮੋਨੋਕਲੋਨਲ ਐਂਟੀਬਾਡੀ ਜਿਵੇਂ ਕਿ ਰਿਟੂਕਸੀਮਬ ਨਾਲ ਕੀਤਾ ਜਾ ਰਿਹਾ ਹੈ।
- ਡਾਇਲਸਿਸ ਤੇ ਗੁਰਦੇ ਦੀ ਗੰਭੀਰ ਬੀਮਾਰੀ ਵਾਲੇ ਵਿਅਕਤੀ।
- ਚਾਈਮੇਰਿਕ ਐਂਟੀਜੇਨ ਰੀਸੈਪਟਰ (ਸੀਏਆਰ)-ਟੀ-ਸੈੱਲ ਥੈਰੇਪੀ ਲੈਣ ਵਾਲੇ ਮਰੀਜ਼।
- ਦਰਮਿਆਨੀ ਤੋਂ ਗੰਭੀਰ ਪ੍ਰਾਇਮਰੀ ਇਮਯੂਨੋਡਫੀਸਿਐਂਸੀ(ਕਮਜੋਰ ਇਮਿਊਨਿਟੀ) ਵਾਲੇ ਵਿਅਕਤੀ (ਜਿਵੇਂ ਕਿ, ਡਿਜੌਰਜ ਬਿਮਾਰੀ, ਵਿਸਕੋਟ-ਐਲਡਰਿਕ ਸਿੰਡਰੋਮ)।
- ਤੀਜੇ ਦਰਜੇ ਜਾਂ ਗੰਭੀਰ ਐੱਚਆਈਵੀ ਇਨਫੈਕਸ਼ਨ ਵਾਲੇ ਵਿਅਕਤੀ ਅਤੇ ਕੋਵਿਡ-19 ਟੀਕਾਕਰਨ ਵਾਲੇ ਵਿਅਕਤੀ।
- ਇਮਯੂਨੋਸਪਰੈਸਿਵ ਥੈਰੇਪੀਆਂ (ਜਿਵੇਂ ਕਿ ਐਂਟੀ-ਬੀ ਸੈੱਲ ਥੈਰੇਪੀਆਂ, ਕੋਰਟੀਕੋਸਟੀਰੋਇਡਜ਼ ਦੀ ਲਗਾਤਾਰ ਉੱਚ ਖੁਰਾਕ ਲੈਣ ਵਾਲੇ, ਅਲਕਾਈਲੇਟਿੰਗ ਏਜੰਟ, ਐਂਟੀਮੇਟਾਬੋਲਾਈਟਸ ਜਾਂ ਟਿਊਮਰਨੇਕ੍ਰੋਸਿਸ ਫੈਕਟਰ (ਟੀਐਨਐਫ) ਇਨਿਹਿਬਟਰਜ਼ ਅਤੇ ਹੋਰ ਜੀਵ-ਵਿਗਿਆਨਕ ਏਜੰਟ) ਤੋਂ ਗੁਜ਼ਰ ਰਹੇ ਵਿਅਕਤੀ।

Classification: Public

- ਸਵੈ-ਪ੍ਰਤੀਰੋਧਕ ਰੋਗਾਂ ਲਈ ਕੁਝ ਦਵਾਈਆਂ ਲੈਣ ਵਾਲੇ ਵਿਅਕਤੀ, ਰਿਤੁਕਸੀਮਾਬ, ਓਕਰੀਲੀਜ਼ੁਮਬ ਅਤੇ ਓਫਾਟੁਮੁਮਬ ਸਮੇਤ।

ਉਪਰੋਕਤ ਹਾਲਤਾਂ ਵਾਲੇ 12 ਤੋਂ 17 ਸਾਲ ਦੀ ਉਮਰ ਦੇ ਨੌਜਵਾਨ ਤੀਜੀ ਖੁਰਾਕਾਂ ਲਈ ਯੋਗ ਬਣੇ ਰਹਿੰਦੇ ਹਨ। ਇਸ ਉਮਰ ਸਮੂਹ ਲਈ ਚੌਥੀ ਖੁਰਾਕ ਅਜੇ ਤੱਕ ਮਨਜ਼ੂਰ ਨਹੀਂ ਕੀਤੀ ਗਈ ਹੈ।

18 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਲਈ ਤੀਜੀ ਖੁਰਾਕ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ ਹੈ।

# ਵਧੀਕ ਖੁਰਾਕਾਂ ਲਈ ਬੁਕਿੰਗ

ਯੋਗ ਅਲਬਰਟਨਜ਼ alberta.ca/vaccine ਤੇ ਵਨ-ਸਟਾਪ ਬੁਕਿੰਗ ਸਿਸਟਮ ਦੀ ਵਰਤੋਂ ਕਰਕੇ ਏਐਚਐਸ ਜਾਂ ਭਾਗੀਦਾਰ ਫਾਰਮੇਸੀਆਂ ਨਾਲ ਔਨਲਾਈਨ ਬੁੱਕਿੰਗ ਕਰ ਸਕਦੇ ਹਨ। ਅਲਬਰਟਾਵਾਸੀ 811 ਤੇ ਕਾਲ ਕਰਕੇ ਜਾਂ ਭਾਗੀਦਾਰ ਫਾਰਮੇਸੀਆਂ(participating pharmacies) ਤੇ ਵੀ ਅਪਾਇੰਟਮੈਂਟ ਬੁੱਕ ਕਰ ਸਕਦੇ ਹਨ।

ਸਮਾਂ-ਸੂਚੀ ਅਤੇ ਸਥਾਨਾਂ ਲਈ ahs.ca/vaccine ਤੇ ਜਾਓ।

## Related information

- Book your COVID-19 vaccine appointment(ਆਪਣੀ ਕੋਵਿਡ-19 ਵੈਕਸੀਨ ਅਪੌਆਇੰਟਮੈਂਟ ਬੁੱਕ ਕਰੋ)

## Media inquiries

Steve Buick(ਸਟੀਵ ਬੁੱਇਕ)

780-288-1735
ਸੀਨੀਅਰ ਪ੍ਰੈਸ ਸੈਕਟਰੀ, ਹੈਲਥ